Cervical Screening Programme

# ਐਨ ਐਚ ਐੱਸ ਸਰਵੀਕਲ ਸਕ੍ਰੀਨਿੰਗ ਪ੍ਰੋਗਰਾਮ

# ਐਚ ਪੀ ਵੀ ਟੈਸਟਿੰਗ

## ਔਰਤਾਂ ਲਈ ਜਾਣਕਾਰੀ

### ਐਨ ਐਚ ਐੱਸ ਸਰਵੀਕਲ ਸਕ੍ਰੀਨਿੰਗ ਪ੍ਰੋਗਰਾਮ ਕੀ ਹੈ?

ਸਰਵੀਕਲ ਸਕ੍ਰੀਨਿੰਗ ਪ੍ਰੋਗਰਾਮ ਦਾ ਮੰਤਵ ਉਹਨਾਂ ਔਰਤਾਂ ਦੀ ਗਿਣਤੀ ਘਟਾਉਣਾ ਹੈ ਜਿਹਨਾਂ 'ਤੇ ਫੈਲ ਸਕਣ ਵਾਲੇ ਸਰਵੀਕਲ ਕੈਂਸਰ ਦਾ ਹਮਲਾ ਹੁੰਦਾ ਹੈ ਅਤੇ ਇਹਦੇ ਨਾਲ ਉਹਨਾਂ ਦੀ ਮੌਤ ਹੁੰਦੀ ਹੈ। ਇਹਦੇ ਲਈ 25 ਅਤੇ 64 ਸਾਲ ਦੇ ਵਿਚਾਲੇ ਦੀ ਉਮਰ ਦੀਆਂ ਔਰਤਾਂ ਦੀ ਬਾਕਾਇਦਾ ਸਕ੍ਰੀਨਿੰਗ (ਜਾਂਚ ਪੜਤਾਲ) ਕੀਤੀ ਜਾਂਦੀ ਹੈ, ਤਾਕਿ ਜਿਹਨਾਂ ਗੱਲਾਂ ਕਾਰਣ ਕੈਂਸਰ ਦਾ ਫੈਲਣ ਵਾਲਾ ਰੋਗ ਸ਼ੁਰੂ ਹੋ ਸਕਦਾ ਹੈ, ਉਹਨਾਂ ਦੀ ਪਛਾਣ ਕਰਕੇ ਉਹਨਾਂ ਦਾ ਇਲਾਜ ਕੀਤਾ ਜਾ ਸਕੇ। ਐਚ ਪੀ ਵੀ ਦੇ ਟੈਸਟ ਸ਼ੁਰੂ ਹੋਣ ਨਾਲ ਇਹ ਕੰਮ ਕਾਫ਼ੀ ਵੱਧ ਅਸਰਦਾਈ ਢੰਗ ਨਾਲ ਕੀਤਾ ਜਾ ਸਕਦਾ ਹੈ।

### ਐਚ ਪੀ ਵੀ ਕੀ ਹੈ?

ਐਚ ਪੀ ਵੀ ਦਾ ਅਰਥ ਹਿਊਮਨ ਪੈਪੀਲੋਮਾ ਵਾਇਰਸ ਹੈ। ਇਹ ਇਨਫ਼ੈਕਸ਼ਨ ਆਮ ਹੋ ਜਾਂਦੀ ਹੈ, ਅਤੇ ਜ਼ਿਆਦਾਤਰ ਔਰਤਾਂ ਨੂੰ ਇਹ ਜ਼ਿੰਦਗੀ ਵਿਚ ਕਦੇ ਨਾ ਕਦੇ ਹੁੰਦੀ ਹੈ। ਜ਼ਿਆਦਾਤਰ ਹਾਲਤਾਂ ਵਿਚ ਇਹ ਆਪਣੇ ਆਪ ਹੀ ਖ਼ਤਮ ਵੀ ਹੋ ਜਾਂਦੀ ਹੈ ਅਤੇ ਇਲਾਜ ਕਰਨ ਦੀ ਲੋੜ ਨਹੀਂ ਪੈਂਦੀ।

ਐਚ ਪੀ ਵੀ ਦੀਆਂ ਕਈ ਕਿਸਮਾਂ ਹਨ। ਜ਼ਿਆਦਾਤਰ ਕਿਸਮਾਂ ਕੋਈ ਨੁਕਸਾਨ ਨਹੀਂ ਪਹੁੰਚਾਉਂਦੀਆਂ, ਪਰ ਕੁਝ ਕਿਸਮਾਂ ਸਰਵਿਕਸ (ਬੱਚੇਦਾਨੀ ਦੇ ਮੂੰਹ) ਵਿਚ ਖ਼ਰਾਬੀ ਪੈਦਾ ਕਰਦੀਆਂ ਹਨ, ਜਿਹਨਾਂ ਨੂੰ 'ਬਹੁਤ ਖ਼ਤਰਨਾਕ' ਐਚ ਪੀ ਵੀ ਕਿਸਮਾਂ ਆਖਿਆ ਜਾਂਦਾ ਹੈ। ਵਾਇਰਸ ਦੇ ਨਿਕਲ ਜਾਣ ਨਾਲ ਇਹ ਖ਼ਰਾਬੀਆਂ ਵੀ ਅਕਸਰ ਆਪਣੇ ਆਪ ਠੀਕ ਹੋ ਜਾਂਦੀਆਂ ਹਨ। ਪਰ ਕਈ ਔਰਤਾਂ ਵਿਚ ਵਾਇਰਸ ਕਾਇਮ ਰਹਿੰਦਾ ਹੈ, ਅਤੇ ਉਹਨਾਂ ਵਿਚ ਸਰਵੀਕਲ ਅਬਨੌਰਮੈਲਿਟੀਜ਼ (ਸੀ ਆਈ ਐਨ, ਯਾਨੀ ਗੰਭੀਰ ਖ਼ਰਾਬੀਆਂ) ਪੈਦਾ ਹੋਣ ਦਾ ਖ਼ਤਰਾ ਵਧ ਜਾਂਦਾ ਹੈ, ਜਿਹਦਾ ਇਲਾਜ ਕਰਨ ਦੀ ਲੋੜ ਪੈ ਸਕਦੀ ਹੈ।

### ਲੋਕਾਂ ਨੂੰ ਐਚ ਪੀ ਵੀ ਕਿਵੇਂ ਲਗਦਾ ਹੈ?

ਜ਼ਿੰਦਗੀ ਵਿਚ ਕਦੇ ਵੀ, ਸੰਭੋਗ ਕਰਨ ਵਾਲੇ ਲੋਕਾਂ ਨੂੰ ਐਚ ਪੀ ਵੀ ਦੀ ਇਨਫ਼ੈਕਸ਼ਨ ਅਕਸਰ ਹੋ ਜਾਂਦੀ ਹੈ। ਮਰਦਾਂ ਅਤੇ ਔਰਤਾਂ ਦੇ ਸੰਭੋਗ ਰਾਹੀਂ, ਜਾਂ ਇੱਕੋ ਜਿਨਸ ਦੇ ਸਾਥੀਆਂ ਦੇ ਸੰਭੋਗ ਰਾਹੀਂ ਇਹ ਬੜੀ ਛੇਤੀ ਇਕ ਤੋਂ ਦੂਸਰੇ ਨੂੰ ਲਗ ਜਾਂਦੀ ਹੈ। ਇਸ ਵਾਇਰਸ ਦੇ ਕੋਈ ਲੱਛਣ ਦਿਖਾਈ ਨਹੀਂ ਦਿੰਦੇ, ਇਸ ਕਰਕੇ ਇਹ ਹੋ ਸਕਦਾ ਹੈ ਕਿ

- ਕਿਸੇ ਨੂੰ ਇਹ ਇਨਫ਼ੈਕਸ਼ਨ ਸਾਲਾਂ-ਬੱਧੀ ਰਹੇ, ਪਰ ਉਹਨੂੰ ਇਹਦੇ ਬਾਰੇ ਪਤਾ ਵੀ ਨਾ ਹੋਵੇ।
- ਕਿਸੇ ਸਾਥੀ ਨੂੰ ਕਈ ਸਾਲ ਪਹਿਲਾਂ ਇਹ ਇਨਫ਼ੈਕਸ਼ਨ ਹੋਈ ਹੋਵੇ, ਪਰ ਉਹਨੂੰ ਇਹਦੇ ਬਾਰੇ ਪਤਾ ਹੀ ਨਾ ਹੋਵੇ।

### ਮੇਰਾ ਐਚ ਪੀ ਵੀ ਟੈਸਟ ਕਿਉਂ ਕੀਤਾ ਜਾ ਸਕਦਾ ਹੈ?

#### ਹਲਕੇ ਜਾਂ "ਬਾਰਡਰਲਾਈਨ" ਐਚ ਪੀ ਵੀ ਵਾਲੀਆਂ ਔਰਤਾਂ ਦੇ ਟੈਸਟ

ਜੇ ਕਿਸੇ ਔਰਤ ਦੇ ਟੈਸਟ ਦੇ ਨਤੀਜਿਆਂ ਤੋਂ ਹਲਕੀਆਂ ਖ਼ਰਾਬੀਆਂ ਦਾ ਪਤਾ ਲੱਗੇ (ਜਿਹਨਾਂ ਨੂੰ ਬਾਰਡਰਲਾਈਨ ਜਾਂ ਹਲਕਾ ਡਿਸਕੈਰੀਓਸਿਸ ਆਖਿਆ ਜਾਂਦਾ ਹੈ), ਤਾਂ ਉਹਤੋਂ ਲਏ ਨਮੂਨੇ ਦਾ ਐਚ ਪੀ ਵੀ ਟੈਸਟ ਕੀਤਾ ਜਾਏਗਾ। ਬਾਰਡਰਲਾਈਨ ਜਾਂ ਹਲਕੇ ਡਿਸਕੈਰੀਓਸਿਸ ਵਾਲੀਆਂ ਔਰਤਾਂ ਵਿਚ ਅਜਿਹੀ ਖ਼ਰਾਬੀ ਹੋਣ ਦਾ ਖ਼ਤਰਾ ਸਿਰਫ਼ 15–20% ਹੁੰਦਾ ਹੈ, ਜੋ ਇੰਨੀ ਗੰਭੀਰ ਹੋਵੇ ਕਿ ਇਹਦਾ ਇਲਾਜ ਕਰਨ ਦੀ ਲੋੜ ਪਏ।

ਐਚ ਪੀ ਵੀ ਟੈਸਟ ਬਹੁਤ ਜ਼ਰੂਰੀ ਹੈ, ਕਿਉਂਕਿ ਐਚ ਪੀ ਵੀ ਦੇ ਹੋਣ ਜਾਂ ਨਾ ਹੋਣ ਤੋਂ ਪਤਾ ਲਗਦਾ ਹੈ ਕਿ ਕਿਹੜੀਆਂ ਔਰਤਾਂ ਦਾ ਇਲਾਜ ਕਰਨ ਦੀ ਲੋੜ ਹੈ। ਜੇ ਉਹਦੇ ਨਮੂਨੇ ਵਿਚ ਐਚ ਪੀ ਵੀ ਦਿਸੇ, ਤਾਂ ਉਹਨੂੰ ਕੋਲਪੋਸਕੋਪੀ ਕਰਵਾਉਣ ਲਈ ਬੁਲਾਇਆ ਜਾਏਗਾ। ਕੋਲਪੋਸਕੋਪੀ ਰਾਹੀਂ ਬੱਚੇਦਾਨੀ ਦੇ ਮੂੰਹ ਦਾ ਵੱਧ ਚੰਗੀ ਤਰ੍ਹਾਂ ਮੁਆਇਨਾ ਕਰਕੇ ਦੇਖਿਆ ਜਾਂਦਾ ਹੈ ਕਿ ਕੋਈ ਇਲਾਜ ਕਰਨ ਦੀ ਲੋੜ ਹੈ ਜਾਂ ਨਹੀਂ। ਜੇ ਲੋੜ ਹੋਏ ਤਾਂ ਉਹਨੂੰ ਆਮ ਤੌਰ 'ਤੇ ਬਾਹਰਲੇ ਮਰੀਜ਼ਾਂ ਵਾਲੇ ਕਲਿਨਿਕ ਵਿਚ ਦੇਖਿਆ ਜਾਂਦਾ ਹੈ, ਜਿਹਦਾ ਮਤਲਬ ਹੈ ਕਿ ਉਹਨੂੰ ਹਸਪਤਾਲ ਵਿਚ ਰਾਤ ਰਹਿਣ ਦੀ ਲੋੜ ਨਹੀਂ।

#### ਉਹਨਾਂ ਔਰਤਾਂ ਦਾ ਐਚ ਪੀ ਵੀ ਟੈਸਟ ਜਿਹਨਾਂ ਦਾ ਪਹਿਲਾਂ ਸੀ ਆਈ ਐਨ ਦਾ ਇਲਾਜ ਹੋ ਚੁੱਕਿਆ ਹੈ

ਜੇ ਕੋਲੋਪੋਸਕੋਪੀ ਤੋਂ ਸੀ ਆਈ ਐਨ (ਗੰਭੀਰ ਖ਼ਰਾਬੀਆਂ) ਦਾ ਪਤਾ ਲੱਗੇ, ਜਿਹਨਾਂ ਦਾ ਪਹਿਲਾਂ ਇਲਾਜ ਕੀਤਾ ਗਿਆ ਹੈ, ਤਾਂ ਇਲਾਜ ਤੋਂ ਲਗਭਗ ਛੇ ਮਹੀਨਿਆਂ ਮਗਰੋਂ ਉਹਦਾ ਟੈਸਟ ਫਿਰ ਕੀਤਾ ਜਾਏਗਾ। ਜੇ ਨਤੀਜੇ ਆਮ ਵਰਗੇ, ਬਾਰਡਰਲਾਈਨ ਜਾਂ ਹਲਕੇ ਹੋਣ, ਤਾਂ ਉਹਤੋਂ ਲਏ ਨਮੂਨੇ ਦਾ ਐਚ ਪੀ ਵੀ ਟੈਸਟ ਕੀਤਾ ਜਾਏਗਾ। ਜੇ ਐਚ ਪੀ ਵੀ ਨਾ ਮਿਲੇ, ਤਾਂ ਅਗਲੇ ਤਿੰਨ ਸਾਲਾਂ ਤਕ ਉਹਦਾ ਟੈਸਟ ਕਰਨ ਦੀ ਲੋੜ ਨਹੀਂ ਹੋਏਗੀ।

ਜੇ ਐਚ ਪੀ ਵੀ ਮਿਲੇ, ਜਾਂ ਟੈਸਟ ਦੇ ਨਤੀਜਿਆਂ ਤੋਂ ਮਾਮੂਲੀ ਜਾਂ ਵੱਧ ਗੰਭੀਰ ਡਿਸਕੈਰੀਓਸਿਸ ਦਾ ਪਤਾ ਲੱਗੇ, ਤਾਂ ਉਹਨੂੰ ਕੋਲਪੋਸਕੋਪੀ ਲਈ ਫਿਰ ਬੁਲਾਇਆ ਜਾਏਗਾ। ਫਿਰ ਉਹਦਾ ਇਲਾਜ ਕੀਤਾ ਜਾਏਗਾ (ਜਾਂ ਜੇ ਇਲਾਜ ਦੀ ਲੋੜ ਨਾ ਹੋਵੇ) ਤਾਂ ਕੌਮੀ ਹਿਦਾਇਤਾਂ ਦੇ ਅਨੁਸਾਰ ਉਹਦੀ ਸਿਹਤ ਦਾ ਲੇਖਾਜੋਖਾ ਕੀਤਾ ਜਾਂਦਾ ਰਹੇਗਾ, ਜਿਵੇਂ ਕੋਲਪੋਸਕੋਪੀ ਕਰਵਾਉਣ ਵਾਲੀਆਂ ਔਰਤਾਂ ਦਾ ਕੀਤਾ ਜਾਂਦਾ ਹੈ।

### ਐਚ ਪੀ ਵੀ ਟੈਸਟ ਕਿਵੇਂ ਕੀਤਾ ਜਾਂਦਾ ਹੈ?

ਇਹ ਟੈਸਟ ਸਕ੍ਰੀਨਿੰਗ ਵੇਲੇ ਲਏ ਗਏ ਸੈੱਲਾਂ ਦੇ ਨਮੂਨੇ ਦਾ ਕੀਤਾ ਜਾਂਦਾ ਹੈ, ਇਸ ਕਰਕੇ ਦੁਬਾਰਾ ਸਕ੍ਰੀਨਿੰਗ ਜਾਂ ਟੈਸਟ ਕਰਵਾਉਣ ਦੀ ਲੋੜ ਨਹੀਂ ਹੁੰਦੀ।

### ਮੈਨੂੰ ਵਧੇਰੇ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਜੇ ਤੁਹਾਨੂੰ ਐਚ ਪੀ ਵੀ ਟੈਸਟਾਂ ਬਾਰੇ, ਜਾਂ ਇਸ ਪਰਚੇ ਵਿਚ ਦੱਸੀ ਕਿਸੇ ਗੱਲ ਬਾਰੇ, ਵਧੇਰੇ ਜਾਣਕਾਰੀ ਚਾਹੀਦੀ ਹੈ, ਤਾਂ ਆਪਣੀ ਪ੍ਰੈਕਟਿਸ ਨਰਸ ਨਾਲ ਗੱਲ ਕਰੋ, ਜਾਂ ਐਨ ਐਚ ਐੱਸ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਦੀ ਇਹ ਵੈੱਬਸਾਈਟ ਪੜ੍ਹੋ - www.cancerscreening.nhs.uk